# Municipal Council, Sahnewal

## (Distt. Ludhiana)

### ਦਫਤਰ ਨਗਰ ਕੌਂਸਲ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ।

ਪੱਤਰ ਨੰ: 1961 PSLG ਮਿਤੀ: 21/8/19

ਸੇਵਾ ਵਿਖੇ

ਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ।

ਵਿਸ਼ਾ:- ਨਗਰ ਕੌਂਸਲ ਸਾਹਨੇਵਾਲ ਵਿਖੇ ਪੰਜਾਬ ਵਾਟਰ ਸਪਲਾਈ ਸੀਵਰੇਜ ਬੋਰਡ ਵੱਲੋਂ ਪਾਏ ਗਏ ਸੀਵਰੇਜ ਅਤੇ ਵਾਟਰ ਸਪਲਾਈ ਨੂੰ Unoperational ਤੋਂ Operational ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਨਗਰ ਕੌਂਸਲ ਸਾਹਨੇਵਾਲ ਵਿਖੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਸੀਵਰੇਜ ਅਤੇ ਵਾਟਰ ਸਪਲਾਈ ਦਾ ਕੰਮ ਮੁਕੰਮਲ ਕੀਤਾ ਗਿਆ ਹੈ ਪ੍ਰੰਤੂ ਸ਼ਹਿਰ ਅੰਦਰ ਕਈ ਥਾਵਾਂ ਉਪਰ ਵਾਟਰ ਸਪਲਾਈ ਅਤੇ ਸੀਵਰੇਜ ਦੀ ਲੀਕੇਜ ਹੋ ਰਹੀ ਹੈ। ਵਾਟਰ ਸਪਲਾਈ ਸ਼ਹਿਰ ਵਿੱਚ ਚਾਲੂ ਨਹੀਂ ਕੀਤੀ ਜਾ ਰਹੀ ਹੈ। ਸੀਵਰੇਜ ਦੀਆਂ ਪਾਈਪਾਂ ਕਈ ਜਗ੍ਹਾ ਉਪਰ ਬਲਾਕ ਹਨ। ਵਿਭਾਗ ਦੇ ਅਧਿਕਾਰੀਆਂ ਨੂੰ ਵਾਰ-ਵਾਰ ਇਸ ਨੂੰ ਚਾਲੂ ਕਰਨ ਲਈ ਲਿਖਿਆ ਗਿਆ ਹੈ ਪ੍ਰੰਤੂ ਵਿਭਾਗ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਲਈ ਸੀਵਰੇਜ ਬੋਰਡ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸ਼ਹਿਰ ਅੰਦਰ ਸੀਵਰੇਜ ਅਤੇ ਵਾਟਰ ਸਪਲਾਈ ਨੂੰ ਸੁਚਾਰੂ ਢੰਗ ਨਾਲ ਚਾਲੂ ਕਰਨ ਦੀਆਂ ਹਦਾਇਤਾਂ ਕਰਨ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਕਿ ਨਗਰ ਕੌਂਸਲ ਵੱਲੋਂ ਉਕਤ ਪ੍ਰੋਜੈਕਟ ਨੂੰ ਟੇਕ ਓਵਰ ਕਰਕੇ ਸ਼ਹਿਰ ਵਾਸੀਆਂ ਨੂੰ ਸਹੀ ਢੰਗ ਨਾਲ ਸਹੂਲਤਾਂ ਦਿੱਤੀਆਂ ਜਾ ਸਕਣ।

6452
19/8/19

ਪ੍ਰਧਾਨ,
ਨਗਰ ਕੌਂਸਲ,
ਸਾਹਨੇਵਾਲ।

ਪਿੱਠ ਅੰਕਣ ਨੰ: .......... ਮਿਤੀ ..........

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1. ਮੁੱਖ ਮੰਤਰੀ ਪੰਜਾਬ ਚੰਡੀਗੜ੍ਹ।
2. ਮਾਨਯੋਗ ਮੰਤਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ
3. ਚੀਫ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਚੰਡੀਗੜ੍ਹ
4. ਡਿਪਟੀ ਡਾਇਰੈਕਟਰ, ਅਰਬਨ ਲੋਕਲ ਬਾਡੀਜ਼, ਲੁਧਿਆਣਾ।

ਪ੍ਰਧਾਨ,
ਨਗਰ ਕੌਂਸਲ,
ਸਾਹਨੇਵਾਲ।

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।

ਪਿੱਠ ਅੰਕਣ ਨੰ: ਪਵਸਸਬ-2019/ਵ-3/ 19538 ਮਿਤੀ 3/9/19

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੂਰਬ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਦੇ ਹੋਏ ਢੁਕਵਾਂ ਜਵਾਬ ਪ੍ਰਧਾਨ ਨਗਰ ਕੌਂਸਲ, ਸਾਹਨੇਵਾਲ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ।